# ਸਿਟੀ ਹਾਲ ਅਤੇ ਕਾਰਪੋਰੇਟ ਫੈਸਿਲਿਟੀਜ਼, ਹੁਣ ਸਿਰਫ਼ ਤੈਅ ਮੁਲਾਕਾਤ ਦੁਆਰਾ ਆਉਣ ਲਈ ਖੁੱਲ ਰਹੀਆਂ ਹਨ

ਬ੍ਰੈਂਪਟਨ, ਓਨਟੈਰੀਓ (9 ਸਤੰਬਰ, 2020) – ਕੋਵਿਡ-19 (COVID-19) ਨੂੰ ਫੈਲਣ ਤੋਂ ਰੋਕਣ ਵਾਸਤੇ, ਬੰਦ ਹੋਣ ਦੇ ਛੇ ਮਹੀਨਿਆਂ ਤੋਂ ਬਾਅਦ, ਸਿਟੀ ਹਾਲ (City Hall) ਸਮੇਤ, ਸਿਟੀ ਦੀਆਂ ਕਾਰਪੋਰੇਟ ਫੈਸਿਲਿਟੀਜ਼, ਸਿਰਫ਼ ਤੈਅ ਮੁਲਾਕਾਤ ਦੁਆਰਾ ਆਉਣ ਲਈ, ਅੱਜ ਜਨਤਾ ਲਈ ਦੁਬਾਰਾ ਖੁੱਲ ਰਹੀਆਂ ਹਨ। ਇਸ ਵੇਲੇ, ਬਿਨਾਂ ਤੈਅ ਮੁਲਾਕਾਤ ਦੇ ਆਉਣ ਦੀ ਇਜਾਜ਼ਤ ਨਹੀਂ ਹੈ।

**ਕੀ-ਕੀ ਖੁੱਲਿਆ ਹੈ (ਸਿਰਫ਼ ਤੈਅ ਮੁਲਾਕਾਤ ਦੁਆਰਾ)**

9 ਸਤੰਬਰ ਤੋਂ ਸ਼ੁਰੂ ਕਰਦੇ ਹੋਏ, ਹੇਠਾਂ ਦਿੱਤੀਆਂ ਥਾਵਾਂ ਹੁਣ, ਸਿਰਫ਼ ਤੈਅ ਮੁਲਾਕਾਤ-ਅਧਾਰਿਤ ਸੇਵਾਵਾਂ ਲਈ ਹੀ ਖੁੱਲ ਰਹੀਆਂ ਹਨ:

- ਸਿਟੀ ਹਾਲ, 2 ਵੈਲਿੰਗਟਨ ਸਟ੍ਰੀਟ ਵੈਸਟ (City Hall, 2 Wellington St. W)
- ਸਿਵਿਕ ਸੈਂਟਰ, 150 ਸੈਂਟਰਲ ਪਾਰਕ ਡ੍ਰਾਈਵ (Civic Centre, 150 Central Park Dr.)
- ਵਿਲੀਅਮਸ ਪਾਰਕਵੇ ਓਪਰੇਸ਼ਨਸ ਸੈਂਟਰ, 1975 ਵਿਲੀਅਮਸ ਪਾਰਕਵੇ (Williams Parkway Operations Centre, 1975 Williams Pkwy)
- ਐਨੀਮਲ ਸਰਿਵਿਸਜ, 475 ਕ੍ਰਿਸਲਰ ਡ੍ਰਾਈਵ (Animal Services, 475 Chrysler Dr.)
- ਬਿਲਡਿੰਗ ਡਿਵੀਜਨ ਐਂਡ ਐਨਫੋਰਸਮੈਂਟ ਐਂਡ ਬਾਇ-ਲਾਅ ਸਰਵਿਸਿਜ ਦਫ਼ਤਰ, 8850 ਮੈਕਲੌਗਲਿਨ ਰੋਡ ਸਾਊਥ (Building Division and Enforcement and By-law Services offices, 8850 McLaughlin Rd. S)

ਪੀ.ਓ.ਏ. ਕੋਰਟਹਾਊਸ, 5 ਰੇ ਲੌਸਨ ਬੁਲੇਵਾਰਡ (POA Courthouse, 5 Ray Lawson Blvd), 6 ਜੁਲਾਈ ਤੋਂ ਖੁੱਲਿਆ ਹੋਇਆ ਹੈ।

ਹੋਰ ਵੇਰਵਿਆਂ ਲਈ, www.brampton.ca/reopening ਤੇ ਜਾਓ।

**ਜੋ ਸੇਵਾਵਾਂ ਹੁਣ ਉਪਲਬਧ ਹਨ**

9 ਸਤੰਬਰ ਤੋਂ ਸ਼ੁਰੂ ਕਰਦੇ ਹੋਏ, ਹੇਠਾਂ ਦਿੱਤੀਆਂ ਸੇਵਾਵਾਂ, ਸਿਰਫ਼ ਤੈਅ ਮੁਲਾਕਾਤ ਦੁਆਰਾ ਹੀ, ਵਿਅਕਤੀਗਤ ਤੌਰ ਤੇ ਉਪਲਬਧ ਹਨ:

- ਵਿਆਹ ਦੇ ਲਾਇਸੈਂਸ
- ਬਿਜਨੇਸ ਸਬੰਧੀ ਲਾਇਸੈਂਸ ਅਤੇ ਸਾਈਨ ਬੋਰਡਾਂ ਲਈ ਅਰਜ਼ੀਆਂ
- ਪ੍ਰਾਪਰਟੀ ਟੈਕਸ ਅਤੇ ਹੋਰ ਭੁਗਤਾਨਾਂ ਲਈ ਕੈਸ਼ੀਅਰ ਕਾਊਂਟਰ
- ਪੁੱਛਗਿੱਛ ਲਈ ਸਰਵਿਸ ਬ੍ਰੈਂਪਟਨ (Service Brampton) ਦੇ ਡੈਸਕ
- ਗੈਰ-ਰਿਹਾਇਸ਼ੀ ਅਰਜ਼ੀਆਂ, ਜ਼ੋਨਿੰਗ ਸੇਵਾਵਾਂ ਲਈ ਬਿਲਡਿੰਗ ਪਰਮਿਟ ਅਰਜ਼ੀਆਂ ਅਤੇ ਸਾਈਨ ਪਰਮਿਟ
- ਜਾਨਵਰਾਂ ਨੂੰ ਗੋਦ ਲੈਣਾ, ਲਾਇਸੈਂਸਿੰਗ ਅਤੇ ਪੁੱਛਗਿੱਛ

ਕਈ ਸੇਵਾਵਾਂ ਔਨਲਾਈਨ ਵੀ ਉਪਲਬਧ ਹਨ ਅਤੇ ਉਹਨਾਂ ਤੱਕ www.brampton.ca ਤੇ ਜਾਂ 311 ਤੇ ਫੋਨ ਕਰਕੇ ਪਹੁੰਚਿਆ ਜਾ ਸਕਦਾ ਹੈ।

**ਮੁਲਾਕਾਤਾਂ ਲਈ ਬੁਕਿੰਗ ਕਰਨਾ**

ਸਿਟੀ ਦੀਆਂ ਸੇਵਾਵਾਂ ਤੱਕ ਵਿਅਕਤੀਗਤ ਪਹੁੰਚ ਲਈ, ਮੁਲਾਕਾਤਾਂ ਬੁੱਕ ਕਰਨੀਆਂ ਜ਼ਰੂਰੀ ਹਨ।

ਕਈ ਮੁਲਾਕਾਤਾਂ, www.brampton.ca/skiptheline ਤੇ ਸਿਟੀ ਦੀ ਨਵੀਂ ਔਨਲਾਈਨ ਸੇਵਾ *ਸਕਿਪ ਦ ਲਾਈਨ (Skip the Line)* ਵਰਤਦੇ ਹੋਏ, ਬੁੱਕ ਕੀਤੀਆਂ ਜਾ ਸਕਦੀਆਂ ਹਨ।

ਪ੍ਰੀ-ਸਕ੍ਰੀਨਿੰਗ ਸਵਾਲਾਂ ਦੇ ਜਵਾਬ ਦੇਣ ਤੋਂ ਬਾਅਦ, ਔਨਲਾਈਨ ਆਪਣੀਆਂ ਮੁਲਾਕਾਤਾਂ ਬੁੱਕ ਕਰੋ, ਰੀਸ਼ੈਡਿਊਲ ਜਾਂ ਰੱਦ ਕਰੋ।

ਤੈਅ ਮੁਲਾਕਾਤ ਵਿੱਚ ਸ਼ਾਮਲ ਹੋਣ ਵੇਲੇ:

- ਯਕੀਨੀ ਬਣਾਓ ਕਿ ਆਪਣੀ ਮੁਲਾਕਾਤ ਲਈ ਪਹੁੰਚਣ ਤੋਂ ਪਹਿਲਾਂ, ਤੁਹਾਡੇ ਕੋਲ ਸਾਰੇ ਜ਼ਰੂਰੀ ਦਸਤਾਵੇਜ਼ ਹਨ।
- ਸਮੇਂ ਸਿਰ ਪਹੁੰਚੋ – ਜਿਹਨਾਂ ਮੁਲਾਕਾਤਾਂ ਤੇ ਨਾ ਪਹੁੰਚਿਆ ਜਾ ਸਕੇ ਜਾਂ ਪਹੁੰਚਣ ਵਿੱਚ ਦੇਰ ਹੋ ਜਾਵੇ, ਉਹਨਾਂ ਨੂੰ ਬਾਅਦ ਵਿੱਚ ਦੁਬਾਰਾ ਬੁੱਕ ਕਰਨ ਦੀ ਲੋੜ ਪੈ ਸਕਦੀ ਹੈ।
- ਬਿਲਡਿੰਗ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਹੈਂਡ ਸੈਨੀਟਾਈਜ਼ਰ ਵਰਤੋ।
- ਖੁਦ ਦੇ ਅਤੇ ਦੂਜਿਆਂ ਵਿਚਕਾਰ, ਘੱਟੋ-ਘੱਟ 2 ਮੀਟਰ (6 ਫੁੱਟ) ਦੀ ਸਰੀਰਕ ਦੂਰੀ ਰੱਖੋ।
- ਚਿਹਰੇ ਤੇ ਗੈਰ-ਮੈਡੀਕਲ (ਕੱਪੜੇ ਦਾ ਬਣਿਆ ਸਧਾਰਨ ਮਾਸਕ) ਪਹਿਨਣਾ ਲਾਜ਼ਮੀ ਹੈ।

**ਰੇਕ੍ਰੀਏਸ਼ਨ ਸੈਂਟਰ**

ਸਿਟੀ ਆਫ ਬ੍ਰੈਂਪਟਨ ਦੀਆਂ ਚੋਣਵੀਆਂ ਰੇਕ੍ਰੀਏਸ਼ਨ ਸਬੰਧੀ ਫੈਸਿਲਿਟੀਜ਼, 8 ਸਤੰਬਰ ਤੋਂ ਸਿਰਫ਼ ਰਾਖਵੀਆਂ (ਰਿਜ਼ਰਵ ਕੀਤੀਆਂ) ਮੁਲਾਕਾਤਾਂ ਲਈ ਹੀ ਦੁਬਾਰਾ ਖੁੱਲੀਆਂ ਹਨ। ਉਪਲਬਧ ਪ੍ਰੋਗਰਾਮ ਖੇਤਰਾਂ ਵਿੱਚ ਸ਼ਾਮਲ ਹਨ, ਫਿਟਨੈਸ, ਐਕਵਾਟਿਕਸ, ਆਮ ਰੁਚੀ ਵਾਲੇ ਪ੍ਰੋਗਰਾਮ ਅਤੇ ਸਕੇਟਿੰਗ। ਨਿਵਾਸੀ www.brampton.ca/recreation ਤੇ, *ਰਜਿਸਟਰਡ ਐਂਡ ਡ੍ਰੌਪ-ਇਨ ਪ੍ਰੋਗਰਾਮਸ (Registered and Drop-In Programs )* ਵੈਬ ਪੇਜ ਦੇਖ ਕੇ, ਰਿਜ਼ਰਵੇਸ਼ਨ ਟਾਈਮਸਲੋਟ ਚੈੱਕ ਕਰਕੇ ਆਪਣੀ ਵਿਜਿਟ ਸ਼ੈਡਿਊਲ ਕਰ ਸਕਦੇ ਹਨ। ਰਿਜ਼ਰਵੇਸ਼ਨਸ, ਐਡਵਾਂਸ ਵਿੱਚ ਸੱਤ ਦਿਨ ਪਹਿਲਾਂ ਤੱਕ ਸਵੀਕਾਰ ਕੀਤੀਆਂ ਜਾਂਦੀਆਂ ਹਨ। ਵਿਕਲਪਿਕ ਤੌਰ ਤੇ, ਨਿਵਾਸੀ 311 ਤੇ ਫੋਨ ਕਰਕੇ ਰਿਜ਼ਰਵੇਸ਼ਨ ਬੁੱਕ ਕਰ ਸਕਦੇ ਹਨ।

**ਸਿਟੀ ਦੀਆਂ ਫੈਸਿਲਿਟੀਜ ਵਿਖੇ ਵਧਾਏ ਗਏ ਸੁਰੱਖਿਆ ਉਪਾਅ**

ਓਨਟੈਰੀਓ ਸਰਕਾਰ (Government of Ontario) ਅਤੇ ਪੀਲ ਪਬਲਿਕ ਹੈਲਥ (Peel Public Health) ਦੀ ਸਲਾਹ ਦੇ ਮੁਤਾਬਕ, ਸਿਟੀ ਆਫ ਬ੍ਰੈਂਪਟਨ, ਫੈਸਿਲਿਟੀਜ ਨੂੰ ਸੁਰੱਖਿਅਤ ਰੱਖਣ ਲਈ ਵਧਾਏ ਗਏ, ਉਪਾਅ ਲਾਗੂ ਕਰਨਾ ਜਾਰੀ ਰੱਖੇਗੀ। ਇਹ ਪ੍ਰੋਟੋਕੋਲ, ਆਉਣ ਵਾਲਿਆਂ (ਵਿਜੀਟਰਾਂ), ਕਾਂਟਰੈਕਟਰਾਂ, ਗਾਹਕਾਂ ਅਤੇ ਕਰਮਚਾਰੀਆਂ ਸਮੇਤ, ਲੋਕਾਂ ਨੂੰ ਸੰਭਾਵੀ ਜੋਖਮਾਂ ਤੋਂ ਸੁਰੱਖਿਅਤ ਰੱਖਣ, ਇਹਨਾਂ ਦੀ ਰੋਕਥਾਮ ਕਰਨ ਅਤੇ ਇਹਨਾਂ ਨੂੰ ਖ਼ਤਮ ਕਰਨ ਵਿੱਚ ਮਦਦ ਕਰਦੇ ਹਨ।

ਵਧਾਏ ਗਏ ਸੁਰੱਖਿਆ ਉਪਾਵਾਂ ਵਿੱਚ ਸ਼ਾਮਲ ਹਨ:

- ਸਕਿਰਿਆ ਸਕ੍ਰੀਨਿੰਗ

- ਚਿਹਰੇ ਨੂੰ ਢਕਣਾ ਅਤੇ ਨਿੱਜੀ ਸੁਰੱਖਿਆਤਮਕ ਉਪਕਰਨ (ਪੀ.ਪੀ.ਈ.)
- ਪਬਲਿਕ-ਫੇਸਿੰਗ ਕਾਉਂਟਰ ਬੈਰੀਅਰ
- ਸੈਨੀਟਾਈਜ਼ ਕਰਨਾ
- ਸਫਾਈ ਅਤੇ ਰੋਗਾਣੂ-ਮੁਕਤ ਕਰਨਾ
- ਸਾਈਨ ਬੋਰਡ
- ਆਉਣ ਵਾਲੇ ਲੋਕਾਂ ਦੀ ਸੰਖਿਆ ਨਿਯੰਤਰਿਤ ਕਰਨਾ
- ਸਾਂਝੇ ਵਰਤੇ ਜਾਣ ਵਾਲੇ ਕਾਰਜ ਸਥਾਨਾਂ ਤੇ ਪਾਬੰਦੀਆਂ

ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ, ਭਾਈਚਾਰੇ ਨੂੰ ਸਹਿਯੋਗ ਕਰਨ ਦੇ ਸਿਟੀ ਦੇ ਯਤਨਾਂ ਬਾਰੇ ਹੋਰ ਜਾਣਕਾਰੀ ਲਈ, www.brampton.ca/COVID19 ਤੇ ਜਾਓ ਜਾਂ @CityBrampton ਨੂੰ Twitter, Facebook ਅਤੇ Instagram ਤੇ ਫਾੱਲੋ ਕਰੋ।

ਸਿਟੀ ਦੇ ਬਾਇ-ਲਾਅ ਬਾਰੇ ਹੋਰ ਜਾਣਕਾਰੀ ਲਈ, www.brampton.ca ਤੇ ਜਾਓ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca